# ਪ੍ਰਾਪਰਟੀ ਟੈਕਸ

ਪੰਜਾਬ ਸਰਕਾਰ ਵੱਲੋਂ ਇੰਸਪੈਕਟਰ ਰਾਜ ਖਤਮ ਕਰਨ ਲਈ ਸਾਲ 2013 ਤੋਂ ਬਾਅਦ ਹਾਊਸ ਟੈਕਸ ਦੀ ਜਗ੍ਹਾ ਤੇ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ , ਜੋ ਕਿ ਇਕ ਸਵੈ ਨਿਰਧਾਰਿਤ ਕਰ **(Self-Assessment Tax)** ਹੈ । ਜਿਸ ਅਨੁਸਾਰ ਨਿਗਮ ਦੀ ਹਦੂਦ ਵਿੱਚ ਪੈਂਦੀਆਂ ਪ੍ਰਾਪਰਟੀਆਂ ਦਾ ਪ੍ਰਾਪਰਟੀ ਟੈਕਸ ਪ੍ਰਾਪਰਟੀ ਦੇ ਮਾਲਕ ਵੱਲੋਂ ਹਰ ਸਾਲ ਨਗਰ ਨਿਗਮ ਦੇ ਖਜ਼ਾਨੇ ਵਿਚ ਆਪ ਖੁਦ ਜਮ੍ਹਾ ਕਰਵਾਉਣਾ ਲਾਜ਼ਮੀ ਹੈ ।

- ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਲਈ ਕਰਦਾਤਾ ਵੱਲੋਂ ਸਵੈ ਨਿਰਧਾਰਿਤ ਫਾਰਮ (Self Assessment Form) ਭਰਿਆ ਜਾਂਦਾ ਹੈ, ਜੋ ਕਿ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਉਪਲੱਬਧ ਹੈ ।

- ਕਰਦਾਤਾ ਸਵੈ ਨਿਰਧਾਰਿਤ ਫਾਰਮ ਆਨਲਾਈਨ ਵੈੱਬਸਾਈਟ (www.mcludhiana.gov.in) ਤੋਂ ਯਾ ਸੁਵਿਧਾ ਸੈਂਟਰਾਂ ਤੋਂ ਲੈ ਸਕਦੇ ਹਨ ।

- ਸਵੈ ਨਿਰਧਾਰਿਤ ਫ਼ਾਰਮ ਉੱਤੇ ਹੀ ਪ੍ਰਾਪਰਟੀ ਟੈਕਸ ਦੀਆਂ ਦਰਾਂ ਵੱਖ ਵੱਖ ਕੈਟਾਗਰੀ ਵਾਈਜ਼ ਅੰਕਿਤ ਹਨ ।

- ਕਰਦਾਤਾਵਾਂ ਵੱਲੋਂ ਪ੍ਰਾਪਰਟੀ ਟੈਕਸ ਦੀ ਅਦਾਇਗੀ ਹੇਠ ਲਿਖੇ ਵੱਖ-ਵੱਖ ਅਦਾਇਗੀ ਮਾਧਿਅਮ (Payment Mode ) ਰਾਹੀਂ ਕੀਤੀ ਜਾ ਸਕਦੀ ਹੈ ।
    - Online Through Website
    - Offline at any Suwidha Centres .
- ਕਰਦਾਤਾ ਵੱਲੋਂ ਨਿਗਮ ਦੀਆਂ ਵੱਖ- ਵੱਖ ਸੇਵਾਵਾਂ ਦਾ ਲਾਭ ਲੈਣ ਲਈ ਆਪਣੀ ਪ੍ਰਾਪਰਟੀ ਨੂੰ ਯੂ.ਆਈ.ਡੀ ਨੰਬਰ ਨਾਲ ਲਿੰਕ ਕਰਵਾਉਣਾ ਵੀ ਅਤਿ ਜ਼ਰੂਰੀ ਹੈ ।

- ਪ੍ਰਾਪਰਟੀ ਟੈਕਸ ਵਿੱਚ 10% ਰਿਬੇਟ ਦਾ ਲਾਭ ਲੈਣ ਲਈ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਦੀ ਆਖ਼ਰੀ ਮਿਤੀ ਹਰ ਸਾਲ ਦੀ 30 ਸਤੰਬਰ ਹੈ ।

- ਪ੍ਰਾਪਰਟੀ ਟੈਕਸ ਨਿਰਧਾਰਤ ਮਿਤੀ 30 ਸਤੰਬਰ ਤੱਕ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਟੈਕਸ ਹੇਠ ਲਿਖੇ ਅਨੁਸਾਰ ਵਸੂਲਿਆ ਜਾਂਦਾ ਹੈ :-
    - 01 ਅਕਤੂਬਰ ਤੋਂ 31 ਦਸੰਬਰ : - ਬਣਦਾ ਟੈਕਸ ਬਿਨਾਂ ਕਿਸੇ ਰਿਬੇਟ ਤੇ
    - 01 ਜਨਵਰੀ ਤੋਂ 31 ਮਾਰਚ : ਬਣਦਾ ਟੈਕਸ + 10 % ਜੁਰਮਾਨਾ (Penalty )
    - 31 ਮਾਰਚ ਤੋਂ ਬਾਅਦ : ਬਣਦਾ ਟੈਕਸ + ਜੁਰਮਾਨਾ (Penalty ) 10% ਤੋਂ ਵਧਾ ਕੇ 20% + 18% ਵਿਆਜ ਲਾਗੂ ਹੋ ਜਾਂਦਾ ਹੈ ।

- ਜੇਕਰ ਕਰਦਾਤਾ ਵੱਲੋਂ ਭਰਿਆ ਗਿਆ ਪ੍ਰਾਪਰਟੀ ਟੈਕਸ Scrutiny ਸਕਰੂਟਨੀ ਦੌਰਾਨ ਗਲਤ ਪਾਇਆ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਬਣਦੇ ਪ੍ਰਾਪਰਟੀ ਟੈਕਸ ਦੇ Difference ਤੋਂ ਇਲਾਵਾ 100% ਜੁਰਮਾਨਾ (Penalty ) ਵੀ ਵਸੂਲਿਆ ਜਾਂਦਾ ਹੈ ।

- ਪ੍ਰਾਪਰਟੀ ਟੈਕਸ ਨਾ ਭਰਨ ਦੀ ਸੂਰਤ ਵਿੱਚ ਨਿਗਮ ਵੱਲੋਂ Punjab Municipal (Second Amendment Act 2013) ਦੀ ਧਾਰਾ 112 A, 112B ,138 ਅਧੀਨ ਕਾਰਵਾਈ ਕੀਤੀ ਜਾਂਦੀ ਹੈ l

- ਨੋਟਿਸ 138 ਜਾਰੀ ਕਰਨ ਉਪਰੰਤ ਵੀ ਜੇਕਰ ਮ ਕਰਦਾਤਾ ਵੱਲੋਂ ਟੈਕਸ ਨਹੀਂ ਭਰਿਆ ਜਾਂਦਾ ਤਾਂ ਇਸ ਸੂਰਤ ਵਿਚ ਨਗਰ ਨਿਗਮ ਕੋਲ ਧਾਰਾ 138C ਅਧੀਨ ਪ੍ਰਾਪਰਟੀ ਨੂੰ ਸੀਲ ਕਰਨ ਦਾ ਵੀ ਵਿਕਲਪ ਹੈ ।

- ਪੰਜਾਬ ਸਰਕਾਰ ਵੱਲੋਂ ਸਾਲ 2014-15 ਤੋਂ ਬਾਅਦ ਜਿੰਨ੍ਹਾਂ ਕੈਟਾਗਿਰੀਆਂ ਨੂੰ ਪੂਰਨ ਜਾਂ ਅੰਸ਼ਿਕ ਛੋਟ ਹੈ, ਹੇਠ ਲਿਖੇ ਅਨੁਸਾਰ ਹਨ:

| | |
|---|---|
| ਸੁਤੰਤਰਤਾ ਸੰਗਰਾਮੀ ਜਿੰਨ੍ਹਾਂ ਨੂੰ ਕੇਂਦਰ/ਰਾਜ ਸਰਕਾਰ ਜਾਂ ਦੋਹਾਂ ਤੋਂ ਪੈਨਸ਼ਨ ਸੁਤੰਤਰਤਾ ਸੰਗਰਾਮੀ ਹੋਣ ਦੇ ਨਾਤੇ ਮਿਲਦੀ ਹੋਵੇ : | ਪੂਰੀ ਛੋਟ |
| ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਵਿਅਕਤੀ ਜਿੰਨ੍ਹਾਂ ਕੋਲ ਇਸ ਸਬੰਧੀ ਜਾਰੀ ਕੀਤਾ ਗਿਆ ਲੋੜੀਂਦਾ ਪ੍ਰਮਾਣ ਪਤੱਰ ਹੋਵੇ : | ਪੂਰੀ ਛੋਟ |
| ਫੌਜੀ/ਸਾਬਕਾ ਫੌਜੀ | ਪੂਰੀ ਛੋਟ |
| ਵਿਧਵਾਵਾਂ ਲਈ ਪ੍ਰਤੀ ਸਾਲ | 5000 ਰੁਪੈ ਤੱਕ ਛੋਟ |
| ਅੰਗਹੀਣ ਵਿਅਕਤੀ, ਜਿਹੜੇ ਇੰਨਕਮ ਟੈਕਸ ਐਕਟ 1961 ਦੀ ਧਾਰਾ 80/U ਅਧੀਨ ਛੋਟ ਦੇ ਅਧਿਕਾਰੀ ਹਨ। | 5000 ਰੁਪੈ ਤੱਕ ਛੋਟ |
| ਸਰਕਾਰੀ ਸਕੂਲ/ਕਾਲਜ ਅਤੇ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਸਕੂਲਾਂ/ਕਾਲਜਾਂ ਤੋਂ ਇਲਾਵਾ ਬਾਕੀ ਵਿੱਦਿਅਕ ਸੰਸਥਾਵਾਂ 50% ਤੱਕ ਛੋਟ | 50% ਤੱਕ ਲੱਗੇਗਾ। |
| ਇਮਾਰਤ ਦੇ ਸਾਰਾ ਸਾਲ ਜਾਂ ਜਿੰਨ੍ਹਾਂ ਸਮਾਂ ਖਾਲੀ ਰਹਿੰਦੀ ਹੈ ਜਾਂ ਵਰਤੋਂ ਵਿੱਚ ਨਹੀਂ ਲਿਆਂਦੀ ਜਾਂਦੀ ਤਾਂ ਰੇਟ ਦੇ ਨੋਟੀਫਿਕੇਸ਼ਨ ਦੇ Clause No. 4 ਅਧੀਨ ਬਣਦੇ ਟੈਕਸ ਦਾ 50% ਤੱਕ ਲੱਗੇਗਾ। | |

| |
|---|
| ਖਾਲੀ ਪਲਾਟ ਅਤੇ 50 ਵਰਗ ਗਜ ਤੱਕ ਬਣੇ ਮਕਾਨਾਂ (ਮੰਜਿਲਾਂ ਦੀ ਕੋਈ ਸ਼ਰਤ ਨਹੀਂ) ਤੇ ਪ੍ਰਾਪਰਟੀ ਟੈਕਸ ਨਹੀਂ ਲੱਗੇਗਾ। |
| 125 ਵਰਗ ਗਜ ਤੱਕ ਬਣੇ ਸਿੰਗਲ ਸਟੋਰੀ ਰਿਹਾਇਸ਼ੀ ਮਕਾਨਾਂ (ਜਿਸ ਵਿੱਚ ਮਾਉਂਟੀ ਅਤੇ ਪਾਣੀ ਦੀ ਟੈਂਕੀ ਵੀ ਸ਼ਾਮਿਲ ਹੈ) ਅਤੇ 500 ਵਰਗ ਫੁੱਟ ਸੁਪਰ ਏਰੀਏ ਤੱਕ ਰਿਹਾਇਸ਼ੀ ਫਲੈਟਾਂ ਤੇ ਕੋਈ ਟੈਕਸ ਨਹੀਂ ਹੋਵੇਗਾ। |
| ਜੇਕਰ ਇਮਾਰਤ ਦੀ ਵਰਤੋਂ ਬਹੁਮਤਵੀ ਹੈ ਤਾਂ ਪ੍ਰਾਪਰਟੀ ਟੈਕਸ ਰੇਟ ਵਰਤੋਂ ਨਾਲ ਸਬੰਧਤ ਕੈਟਾਗਰੀ ਦੇ ਹਿਸਾਬ ਨਾਲ ਲੱਗਣਗੇ। |
| ਪ੍ਰਾਪਰਟੀ ਟੈਕਸ ਦੀ ਰਿਟਰਨ ਹਰੇਕ ਅਸੈਸੀ/ਵਿਅਕਤੀ ਵੱਲੋਂ ਭਰੀ ਜਾਣੀ ਜਰੂਰੀ ਹੈ, ਚਾਹੇ ਉਸ ਦੀ ਇਮਾਰਤ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਹੋਵੇ। |

## How to File Property Tax Return (PTR)

- MC Ludhiana offers an easy-to-use interface which enables the citizens to avail following services at *https://propertytax.mcludhiana.gov.in/Home.aspx*

i) Self-Assess of properties and Pay the property tax online
ii) Calculate their Property Tax online
iii) Print Property Tax Statement / Challan
iv) Pay Property Tax through Credit Cards (or) Debit cards (or) Net Banking (or) Suwidha center.
v) Citizens can also File their PTR at any Sewa Kendra / Zonal Suwidha Centers.

| Zone Name | Office Address |
|---|---|
| A | Mata Rani Chowk, Ludhiana<br>PBX-Contact Number : (0161) 2917009 |
| B | Back Side Shingar Cinema, Ludhiana<br>PBX-Contact Number : (0161) 2917010 |
| C | Gill Chowk, Ludhiana<br>PBX-Contact Number : (0161) 2917078 |
| D | Saraba Nagar, Ludhiana<br>PBX-Contact Number : (0161) 2917004 |